# ਪੰਜਾਬ ਲਾਅ ਕਾਲਜ ਉਸਮਾ ਦੇ ਵਿਦਿਆਰਥੀਆਂ ਦਾ ਯੂਨੀਵਰਸਿਟੀ ਦੇ ਐਲਾਨੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ




*ਹੋਣਹਾਰ ਵਿਦਿਆਰਥਣਾਂ ਅਤੇ ਸੱਜੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਹਰਕੀਰਤ ਕੌਰ ਨੂੰ ਡਾਇਰੈਕਟਰ ਜਸਵਿੰਦਰ ਕੌਰ ਤੇ ਸਟਾਫ ਸਨਮਾਨਿਤ ਕਰਦੇ ਹੋਏ।* (ਆਹਲੂਵਾਲੀਆ)

ਤਰਨਤਾਰਨ, 12 ਜੂਨ (ਆਹਲੂਵਾਲੀਆ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਬੀ. ਏ. ਐੱਲ. ਐੱਲ. ਬੀ. ਸਮੈਸਟਰ ਨੌਵੇਂ ਦੇ ਐਲਾਨੇ ਨਤੀਜੇ 'ਚ ਪੰਜਾਬ ਕਾਲਜ ਆਫ ਲਾਅ, ਉਸਮਾ ਤਰਨਤਾਰਨ ਦੀ ਵਿਦਿਆਰਥਣ ਹਰਕੀਰਤ ਕੌਰ ਨੇ ਯੂਨੀਵਰਸਿਟੀ 'ਚ ਦੂਸਰਾ ਸਥਾਨ ਅਤੇ ਰੁਪਿੰਦਰ ਕੌਰ ਤੇ ਸੁਮਨਦੀਪ ਕੌਰ ਨੇ ਪੰਜਵਾਂ ਸਥਾਨ ਹਾਸਲ ਕੀਤਾ। ਬਾਕੀ ਵਿਦਿਆਰਥੀਆਂ ਦਾ ਨਤੀਜਾ ਵੀ 100% ਰਿਹਾ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਜਸਵਿੰਦਰ ਕੌਰ ਵਲੋਂ ਸਾਰੇ ਬੱਚਿਆਂ ਨੂੰ ਵਧਾਈ ਦਿੱਤੀ ਗਈ ਤੇ ਦੱਸਿਆ ਕਿ ਪੰਜਾਬ ਕਾਲਜ ਆਫ ਲਾਅ ਤਰਨਤਾਰਨ ਦੀ ਇਕ ਨਾਮਵਾਰ ਸੰਸਥਾ ਵਜੋਂ ਪਿਛਲੇ 5 ਸਾਲ ਤੋਂ ਵਿਦਿਆ ਵਿਚ ਯੋਗਦਾਨ ਪਾ ਰਹੀ ਹੈ।

ਪੜ੍ਹਾਈ ਵਜੋਂ ਇੱਥੇ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਜਾਂਦੀ ਹੈ, ਇੰਟਰਨੈੱਟ, ਬੱਸ ਸਰਵਿਸ, ਕੁੜੀਆਂ ਲਈ ਹੋਸਟਲ ਸਰਵਿਸ ਦਾ ਪ੍ਰਬੰਧ ਵੀ ਇੱਥੇ ਹੈ। ਪੈਸੇ ਦੀ ਮੰਦੀ ਕਰਕੇ ਕਿਸੇ ਬੱਚੇ ਦੀ ਪੜ੍ਹਾਈ ਨਾ ਰੁਕ ਜਾਵੇ, ਇਸ ਕਰਕੇ ਆਰਥਿਕ ਪੱਖ ਨੂੰ ਧਿਆਨ 'ਚ ਰੱਖਦੇ ਹੋਏ ਵੱਖ-ਵੱਖ ਵਜੀਫੇ ਵੀ ਦਿੱਤੇ ਜਾਂਦੇ ਹਨ ਤੇ ਹੋਰਨਾਂ ਪੱਖਾਂ 'ਚ ਵੀ ਬੱਚਿਆਂ ਦਾ ਮਾਨਸਿਕ ਸੁਧਾਰ ਕੀਤਾ ਜਾਂਦਾ ਹੈ, ਜਿਵੇਂ ਕੈਰੀਅਰ ਕਾਊਂਸਲਿੰਗ, ਇੰਗਲਿਸ਼ ਸਪੀਕਿੰਗ ਆਦਿ ਸੁਵਿਧਾਵਾ ਬਿਨਾਂ ਕਿਸੇ ਪੈਸੇ ਤੋਂ ਮੁਹੱਈਆ ਕਾਰਵਾਈਆਂ ਜਾਂਦੀਆਂ ਹਨ।